GOVERNMENT OF WESTERN AUSTRALIA

Working with Children Check

# ਤੱਥ ਸ਼ੀਟ PAR01
# ਵਰਕਿੰਗ ਵਿਦ ਚਿਲਡਰਨ ਚੈੱਕ (Working with Children Check)
# ਮਾਪਿਆਂ ਲਈ ਸੁਝਾਅ

Punjabi | ਪੰਜਾਬੀ

ਵਰਕਿੰਗ ਵਿਦ ਚਿਲਡਰਨ (WWC) ਚੈੱਕ ਇੱਕ ਬਾਲ ਸੁਰੱਖਿਆ ਰਣਨੀਤੀ ਹੈ ਜੋ ਬੱਚਿਆਂ ਨਾਲ ਸੰਬੰਧਿਤ ਕੰਮ ਕਰਨ ਵਾਲੇ ਲੋਕਾਂ ਬਾਰੇ ਨਿਰੰਤਰ ਜਾਂਚ ਪ੍ਰਦਾਨ ਕਰਦੀ ਹੈ। ਇਹ ਤੱਥ-ਸ਼ੀਟ ਤੁਹਾਡੇ ਬੱਚੇ ਦੀ ਦੇਖਭਾਲ ਜਾਂ ਉਸ ਨਾਲ ਕੰਮ ਕਰਨ ਲਈ ਕਿਸੇ ਨੂੰ ਸ਼ਾਮਲ ਕਰਨ ਵੇਲੇ ਤੁਹਾਡੇ ਲਈ ਵਿਚਾਰ ਕਰਨ ਲਈ ਕੁੱਝ ਨੁਕਤੇ ਪ੍ਰਦਾਨ ਕਰਦੀ ਹੈ।

ਜੇਕਰ ਤੁਹਾਨੂੰ ਇਸ ਤੱਥ-ਪੱਤਰ ਵਿਚਲੀ ਜਾਣਕਾਰੀ ਦਾ ਅਨੁਵਾਦ ਜਾਂ ਵਿਆਖਿਆ ਕਰਨ ਵਿੱਚ ਸਹਾਇਤਾ ਦੀ ਲੋੜ ਹੈ, ਤਾਂ ਕਿਰਪਾ ਕਰਕੇ 131 450 'ਤੇ ਟ੍ਰਾਂਸਲੇਟਿੰਗ ਐਂਡ ਇੰਟਰਪ੍ਰੇਟਿੰਗ ਸਰਵਿਸ (TIS ਨੈਸ਼ਨਲ) ਨੂੰ ਕਾਲ ਕਰੋ।

## ਤੁਹਾਨੂੰ ਕਿਸੇ ਦਾ WWC ਕਾਰਡ ਦੇਖਣ ਲਈ ਕਦੋਂ ਪੁੱਛਣਾ ਚਾਹੀਦਾ ਹੈ?

ਇੱਕ ਵਿਅਕਤੀ ਬੱਚਿਆਂ ਨਾਲ ਸੰਬੰਧਿਤ ਕੰਮ ਵਿੱਚ ਹੁੰਦਾ ਹੈ ਜੇਕਰ ਉਸਦੇ ਕੰਮ ਦੀਆਂ **ਆਮ ਡਿਊਟੀਆਂ** ਵਿੱਚ ਬੱਚਿਆਂ ਨਾਲ ਸੰਬੰਧਿਤ ਕੰਮ ਦੀ ਘੱਟੋ-ਘੱਟ ਇੱਕ **ਸ਼੍ਰੇਣੀ** ਦੇ ਸੰਬੰਧ ਵਿੱਚ ਬੱਚੇ ਨਾਲ **ਸੰਪਰਕ** ਹੋਣਾ ਸ਼ਾਮਲ ਹੁੰਦਾ ਹੈ, ਜਾਂ ਸੰਪਰਕ ਹੋਣ ਦੀ ਸੰਭਾਵਨਾ ਹੁੰਦੀ ਹੈ, ਜਦੋਂ ਤੱਕ ਕੋਈ ਛੋਟ ਲਾਗੂ ਨਹੀਂ ਹੁੰਦੀ ਹੈ।

ਇਸਦਾ ਮਤਲਬ ਇਹ ਹੈ ਕਿ ਜਿਨ੍ਹਾਂ ਵਿਅਕਤੀਆਂ ਨੂੰ ਤੁਸੀਂ ਆਪਣੇ ਬੱਚੇ ਨਾਲ ਕੰਮ ਕਰਨ ਲਈ ਲਗਾ ਰਹੇ ਹੋ, ਜਿਵੇਂ ਕਿ ਬੇਬੀਸਿਟਰ, ਨੈਨੀ, ਟਿਊਟਰ, ਸਪੋਰਟਸ ਕੋਚ, ਡਰਾਈਵਿੰਗ ਇੰਸਟ੍ਰਕਟਰ, ਡਾਂਸ ਟੀਚਰ ਜਾਂ ਬੱਚਿਆਂ ਦਾ ਮਨੋਰੰਜਨਕਰਤਾ, ਉਹਨਾਂ ਨੂੰ WWC ਕਾਰਡ ਦੀ ਲੋੜ ਹੋ ਸਕਦੀ ਹੈ। ਇਸ ਬਾਰੇ ਹੋਰ ਜਾਣਨ ਲਈ WWC ਚੈੱਕ 'ਤੇ ਜਾਓ - ਕਿਸ ਨੂੰ WWC ਜਾਂਚ ਦੀ ਲੋੜ ਹੈ?

## ਤੁਹਾਨੂੰ WWC ਕਾਰਡ ਦੇਖਣ ਲਈ ਕਿਉਂ ਕਹਿਣਾ ਚਾਹੀਦਾ ਹੈ?

WWC ਕਾਰਡ ਦੇਖਕੇ, ਤੁਸੀਂ ਇਹ ਯਕੀਨੀ ਬਣਾਉਂਦੇ ਹੋ ਕਿ ਜਿਸ ਵਿਅਕਤੀ ਨੂੰ ਤੁਸੀਂ ਆਪਣੇ ਬੱਚੇ ਨਾਲ ਕੰਮ ਕਰਨ ਲਈ ਸ਼ਾਮਲ ਕਰ ਰਹੇ ਹੋ, ਉਸਨੂੰ ਬੱਚਿਆਂ ਨੂੰ ਨੁਕਸਾਨ ਪਹੁੰਚਾਉਣ ਦਾ ਅਸਵੀਕਾਰਨਯੋਗ ਖ਼ਤਰਾ ਨਹੀਂ ਮੰਨਿਆ ਗਿਆ ਹੈ। ਜੇਕਰ ਤੁਸੀਂ ਜਾਂਚ ਨਹੀਂ ਕਰਦੇ ਕਿ ਕੀ ਉਹਨਾਂ ਕੋਲ WWC ਕਾਰਡ ਹੈ ਜਾਂ ਨਹੀਂ, ਤਾਂ ਤੁਸੀਂ ਨਿਸ਼ਚਿੰਤ ਨਹੀਂ ਹੋ ਸਕਦੇ ਹੋ ਕਿ ਉਹਨਾਂ ਕੋਲ WWC ਕਾਰਡ ਹੈ।

## ਤੁਸੀਂ WWC ਕਾਰਡ ਦੀ ਵੈਧਤਾ ਦੀ ਜਾਂਚ ਕਿਵੇਂ ਕਰਦੇ ਹੋ ਅਤੇ ਤੁਹਾਨੂੰ ਕਿਉਂ ਜਾਂਚ ਕਰਨੀ ਚਾਹੀਦੀ ਹੈ?

ਇਹ ਪੁਸ਼ਟੀ ਕਰਨ ਲਈ WWC ਦੀ ਵੈੱਬਸਾਈਟ 'ਤੇ WWC ਕਾਰਡ ਪ੍ਰਮਾਣਿਕਤਾ ਟੂਲ ਦੀ ਵਰਤੋਂ ਕਰੋ ਕਿ ਤੁਸੀਂ ਜੋ WWC ਕਾਰਡ ਦੇਖਿਆ ਹੈ ਉਹ ਅਜੇ ਵੀ ਵੈਧ ਹੈ ਅਤੇ ਰੱਦ ਨਹੀਂ ਕੀਤਾ ਗਿਆ ਹੈ।

ਜੇਕਰ ਵਿਅਕਤੀ ਕੋਲ WWC ਕਾਰਡ ਨਹੀਂ ਹੈ, ਪਰ ਉਸਨੇ ਕਾਰਡ ਲਈ ਅਰਜ਼ੀ ਦਿੱਤੀ ਹੈ, ਤਾਂ ਉਹ ਇਹ ਸਾਬਤ ਕਰਨ ਲਈ ਆਪਣੀ ਰਸੀਦ ਦੀ ਵਰਤੋਂ ਕਰ ਸਕਦੇ ਹਨ ਕਿ ਉਹਨਾਂ ਕੋਲ ਇੱਕ ਵਿਚਾਰ ਅਧੀਨ ਅਰਜ਼ੀ ਹੈ। ਜੇਕਰ ਕਿਸੇ ਵਿਅਕਤੀ ਨੇ ਅਰਜ਼ੀ ਦਾਇਰ ਕੀਤੀ ਹੋਈ ਹੈ ਤਾਂ ਉਸਨੂੰ ਬੱਚਿਆਂ ਦੇ ਨਾਲ ਕੰਮ ਕਰਨ ਦੀ ਆਗਿਆ ਹੈ, ਭਾਵੇਂ ਉਹਨਾਂ ਨੂੰ WWC ਕਾਰਡ ਜਾਰੀ ਨਾ ਕੀਤਾ ਗਿਆ ਹੋਵੇ।

ਹਾਲਾਂਕਿ, ਕੋਈ ਅਜਿਹਾ ਵਿਅਕਤੀ ਵਿਚਾਰ ਅਧੀਨ ਅਰਜ਼ੀ ਦੇ ਨਾਲ ਕੰਮ ਨਹੀਂ ਕਰ ਸਕਦਾ ਹੈ ਜੇਕਰ ਉਹਨਾਂ ਨੂੰ **ਕਲਾਸ 1 ਦੇ ਅਪਰਾਧ** ਲਈ ਦੋਸ਼ੀ ਠਹਿਰਾਇਆ ਜਾਂ **ਵਿਚਾਰ ਅਧੀਨ ਅਪਰਾਧ** ਹੈ ਜਾਂ **ਉਸਨੂੰ ਅੰਤਰਿਮ ਨਕਾਰਾਤਮਕ ਨੋਟਿਸ ਜਾਰੀ ਕੀਤਾ ਗਿਆ ਹੈ।** ਤੁਸੀਂ WWC ਦੀ ਵੈੱਬਸਾਈਟ 'ਤੇ ਉਨ੍ਹਾਂ ਦੀ ਅਰਜ਼ੀ ਦੀ ਸਥਿਤੀ ਦੀ ਜਾਂਚ ਕਰ ਸਕਦੇ ਹੋ।

## ਕੀ ਕਿਸੇ ਸਵੈ-ਰੁਜ਼ਗਾਰ ਵਿਅਕਤੀ ਨੂੰ ਤੁਹਾਨੂੰ ਆਪਣਾ WWC ਕਾਰਡ ਦਿਖਾਉਣਾ ਪਵੇਗਾ?

ਜਦੋਂ ਕਿ ਸਵੈ-ਰੁਜ਼ਗਾਰ ਵਾਲੇ ਵਿਅਕਤੀ ਲਈ ਤੁਹਾਨੂੰ ਆਪਣਾ WWC ਕਾਰਡ ਦਿਖਾਉਣ ਦੀ ਕੋਈ ਕਾਨੂੰਨੀ ਜ਼ਿੰਮੇਵਾਰੀ ਨਹੀਂ ਹੈ, ਇਹ ਜ਼ੋਰਦਾਰ ਸਿਫਾਰਸ਼ ਕੀਤੀ ਜਾਂਦੀ ਹੈ ਕਿ ਤੁਸੀਂ ਇਹ ਦੇਖਣ ਲਈ ਕਹੋ ਅਤੇ ਪੁਸ਼ਟੀ ਕਰੋ ਕਿ ਉਸ ਵਿਅਕਤੀ ਕੋਲ ਇੱਕ ਵੈਧ ਕਾਰਡ ਹੈ। ਜੇਕਰ ਉਹ ਵਿਅਕਤੀ ਆਪਣਾ WWC ਕਾਰਡ ਦਿਖਾਉਣ ਵਿੱਚ ਅਸਮਰੱਥ ਜਾਂ ਅਣਇਛੁਕ ਹੈ, ਤਾਂ ਉਹਨਾਂ ਦੀਆਂ ਸੇਵਾਵਾਂ ਨੂੰ ਨਾ ਲੈਣ ਅਤੇ ਕਿਸੇ ਹੋਰ WWC ਕਾਰਡ ਵਾਲੇ ਪ੍ਰਦਾਤਾ ਦੀ ਭਾਲ ਕਰਨ ਲਈ ਉਚਿਤ ਵਿਚਾਰ ਕੀਤਾ ਜਾਣਾ ਚਾਹੀਦਾ ਹੈ।

## ਕੀ ਕੋਈ ਵਿਅਕਤੀ, ਜੋ ਕਿਸੇ ਸੰਸਥਾ ਦੁਆਰਾ ਰੁਜ਼ਗਾਰ ਪ੍ਰਾਪਤ/ਨੌਕਰੀ ਕਰਦਾ ਹੈ, ਉਸਨੂੰ ਤੁਹਾਨੂੰ ਆਪਣਾ WWC ਕਾਰਡ ਦਿਖਾਉਣਾ ਚਾਹੀਦਾ ਹੈ?

ਨਹੀਂ, ਜੇਕਰ ਤੁਸੀਂ ਕਿਸੇ ਸੰਸਥਾ ਰਾਹੀਂ, ਭਾਵ, ਕਿਸੇ ਬੇਬੀਸਿਟਿੰਗ ਕੰਪਨੀ ਰਾਹੀਂ ਇੱਕ ਬੇਬੀਸਿਟਰ ਲੱਭਦੇ ਹੋ, ਤਾਂ ਇਸ ਵਿਅਕਤੀ ਨੂੰ ਤੁਹਾਨੂੰ ਆਪਣਾ WWC ਕਾਰਡ ਦਿਖਾਉਣ ਦੀ ਲੋੜ ਨਹੀਂ ਹੈ। ਇਹ ਯਕੀਨੀ ਬਣਾਉਣ ਦੀ ਜ਼ਿੰਮੇਵਾਰੀ ਸੰਸਥਾ ਦੀ ਹੈ ਕਿ ਕੋਈ ਵੀ ਕਰਮਚਾਰੀ ਜੋ ਬੱਚੇ ਨਾਲ ਸੰਬੰਧਿਤ ਕੰਮ ਵਿੱਚ ਰੁੱਝਿਆ ਹੋਇਆ ਹੈ, ਉਸ ਕੋਲ ਮੌਜੂਦਾ ਅਤੇ ਵੈਧ WWC ਕਾਰਡ ਹੈ। ਜਦੋਂ ਕਿ ਇਸ ਜਾਣਕਾਰੀ ਨੂੰ ਜਾਰੀ ਕਰਨ ਲਈ ਕਿਸੇ ਸੰਸਥਾ ਲਈ ਕੋਈ ਕਾਨੂੰਨੀ ਲੋੜ ਨਹੀਂ ਹੈ, ਤੁਸੀਂ ਅਜੇ ਵੀ ਉਹਨਾਂ ਨੂੰ ਇਹ ਪੁਸ਼ਟੀ ਕਰਨ ਲਈ ਕਹਿ ਸਕਦੇ ਹੋ ਕਿ ਉਸ ਵਿਅਕਤੀ ਕੋਲ ਮੌਜੂਦਾ WWC ਕਾਰਡ ਹੈ।

## ਮੈਂ ਤਾਂ ਕੀ ਕਰਾਂ ਜੇਕਰ ਉਹ ਮੈਨੂੰ ਆਪਣਾ WWC ਕਾਰਡ ਦਿਖਾਉਣ ਤੋਂ ਇਨਕਾਰ ਕਰਦੇ ਹਨ, ਜਾਂ ਉਹਨਾਂ ਦਾ ਮਾਲਕ ਇਹ ਪੁਸ਼ਟੀ ਨਹੀਂ ਕਰਦਾ ਕਿ ਉਹਨਾਂ ਕੋਲ ਇਹ ਕਾਰਡ ਹੈ?

ਜੇ ਤੁਹਾਨੂੰ ਕੋਈ ਚਿੰਤਾ ਹੈ ਕਿ ਕੋਈ ਵਿਅਕਤੀ WWC ਕਾਰਡ ਤੋਂ ਬਿਨਾਂ ਬੱਚੇ ਨਾਲ ਸੰਬੰਧਿਤ ਕੰਮ ਕਰ ਰਿਹਾ ਹੈ, ਤਾਂ ਸਾਡੇ WWC ਸਕ੍ਰੀਨਿੰਗ ਯੂਨਿਟ ਨਾਲ ਉਸਦੇ ਨਾਮ, ਸੰਪਰਕ ਵੇਰਵਿਆਂ ਅਤੇ ਸੰਸਥਾ ਦੇ ਵੇਰਵਿਆਂ (ਜੇ ਲਾਗੂ ਹੋਵੇ) ਨਾਲ ਸੰਪਰਕ ਕਰੋ, ਅਤੇ ਅਸੀਂ ਇਸ ਬਾਰੇ ਅਗਲੀ ਕਾਰਵਾਈ ਕਰਾਂਗੇ।

ਜੇਕਰ ਤੁਹਾਨੂੰ ਵਿਅਕਤੀ ਦੀ ਢੁੱਕਵੇਂਪਨ, ਮਾਨਤਾ ਜਾਂ ਆਚਰਣ ਜਾਂ ਸੰਸਥਾ ਦੇ ਬਾਰੇ ਕੋਈ ਚਿੰਤਾਵਾਂ ਹਨ, ਤਾਂ ਤੁਹਾਨੂੰ ਉਹਨਾਂ ਦੀਆਂ ਸੇਵਾਵਾਂ ਦੀ ਵਰਤੋਂ ਨਾ ਕਰਨ ਬਾਰੇ ਵਿਚਾਰ ਕਰਨਾ ਚਾਹੀਦਾ ਹੈ ਅਤੇ ਕਿਸੇ ਹੋਰ ਪ੍ਰਦਾਤਾ ਨੂੰ ਲੱਭਣਾ ਚਾਹੀਦਾ ਹੈ ਜਿਸ ਕੋਲ WWC ਕਾਰਡ ਹੈ।

## ਤੁਹਾਡੇ ਗੁਆਂਢੀ ਨੇ ਤੁਹਾਡੇ ਬੱਚੇ ਨੂੰ ਸੰਭਾਲਣ (ਬੇਬੀਸਿਟ ਕਰਨ) ਦੀ ਪੇਸ਼ਕਸ਼ ਕੀਤੀ ਹੈ - ਕੀ ਉਹਨਾਂ ਨੂੰ WWC ਕਾਰਡ ਦੀ ਲੋੜ ਹੈ?

ਨਹੀਂ, ਇਸਨੂੰ ਇੱਕ ਨਿੱਜੀ **ਗ਼ੈਰ-ਰਸਮੀ ਪ੍ਰਬੰਧ** ਮੰਨਿਆ ਜਾਵੇਗਾ ਅਤੇ ਇਸ ਸਥਿਤੀ ਵਿੱਚ WWC ਕਾਰਡ ਦੀ ਲੋੜ ਨਹੀਂ ਹੈ।

ਹਾਲਾਂਕਿ, ਜੇਕਰ ਇਹ **ਰਸਮੀ ਪ੍ਰਬੰਧ ਬਣ ਜਾਂਦਾ ਹੈ,** ਤਾਂ ਤੁਹਾਡੇ ਗੁਆਂਢੀ ਨੂੰ WWC ਕਾਰਡ ਦੀ ਲੋੜ ਹੋਵੇਗੀ। ਰਸਮੀ ਪ੍ਰਬੰਧ ਦੀ ਉਦਾਹਰਨ ਵਿੱਚ ਇੱਕ ਅਜਿਹਾ ਵਿਅਕਤੀ ਸ਼ਾਮਲ ਹੋ ਸਕਦਾ ਹੈ ਜੋ ਆਪਣੀਆਂ ਸੇਵਾਵਾਂ ਦਾ ਇਸ਼ਤਿਹਾਰ ਦਿੰਦਾ ਹੈ।

## ਮਾਤਾ-ਪਿਤਾ ਵਲੰਟੀਅਰ ਛੋਟ ਕੀ ਹੈ?

ਕੁੱਝ ਸਥਿਤੀਆਂ ਵਿੱਚ ਮਾਪਿਆਂ ਨੂੰ WWC ਚੈੱਕ ਲਈ ਅਰਜ਼ੀ ਦੇਣ ਤੋਂ ਛੋਟ ਦਿੱਤੀ ਜਾ ਸਕਦੀ ਹੈ, ਇਸਨੂੰ ਮਾਤਾ-ਪਿਤਾ ਵਲੰਟੀਅਰ ਛੋਟ ਕਿਹਾ ਜਾਂਦਾ ਹੈ। ਹੋਰ ਜਾਣਕਾਰੀ ਲਈ ਤੱਥ-ਸ਼ੀਟ CRW03 - ਛੋਟਾਂ, ਮਾਤਾ-ਪਿਤਾ ਵਾਲੰਟੀਅਰ ਛੋਟ ਵੇਖੋ।

1 ਜੁਲਾਈ 2023 ਤੋਂ, ਮੌਜੂਦਾ ਅੰਤਰਿਮ ਨਕਾਰਾਤਮਕ ਨੋਟਿਸ ਜਾਂ ਨਕਾਰਾਤਮਕ ਨੋਟਿਸ ਵਾਲਾ ਵਿਅਕਤੀ ਬੱਚਿਆਂ ਨਾਲ ਕੰਮ ਕਰਨ ਲਈ ਵਾਲੰਟੀਅਰ ਛੋਟਾਂ ਜਾਂ ਮਾਤਾ-ਪਿਤਾ ਵਾਲੰਟੀਅਰ ਛੋਟਾਂ ਤੱਕ ਪਹੁੰਚ ਕਰਨ ਵਿੱਚ ਅਸਮਰੱਥ ਹੈ। ਹੋਰ ਜਾਣਕਾਰੀ ਲਈ ਤੱਥ-ਸ਼ੀਟ CRW04: ਛੋਟਾਂ, ਪਹੁੰਚ ਨੂੰ ਘਟਾਉਣਾਵੇਖੋ।

## ਮੈਨੂੰ ਰੁਜ਼ਗਾਰਦਾਤਾ ਕਦੋਂ ਮੰਨਿਆ ਜਾ ਸਕਦਾ ਹੈ ਅਤੇ ਮੇਰੀਆਂ ਜ਼ਿੰਮੇਵਾਰੀਆਂ ਕੀ ਹਨ?

ਕਦੇ-ਕਦੇ ਮਾਪੇ ਆਪਣੇ ਬੱਚਿਆਂ ਨਾਲ ਕੰਮ ਕਰਨ ਲਈ, ਕਿਸੇ ਨੂੰ ਸਿੱਧੇ ਤੌਰ 'ਤੇ ਨਿਯੁਕਤ ਕਰਦੇ ਹਨ, ਉਦਾਹਰਨ ਲਈ ਨੈਨੀ ਜਾਂ ਵਿਦੇਸ਼ੀ ਜੋੜਾ ਜੋ ਰੋਟੀ ਅਤੇ ਰਿਹਾਇਸ਼ ਬਦਲੇ ਬੱਚੇ ਦਾ ਧਿਆਨ ਰੱਖਦੀ ਹੈ। ਜੇਕਰ ਉਹ ਵਿਅਕਤੀ ਸਵੈ-ਰੁਜ਼ਗਾਰ ਜਾਂ ਕਿਸੇ ਏਜੰਸੀ ਜਾਂ ਹੋਰ ਸੰਸਥਾ ਲਈ ਕੰਮ ਨਹੀਂ ਕਰ ਰਿਹਾ ਹੈ, ਤਾਂ ਤੁਸੀਂ ਰੁਜ਼ਗਾਰਦਾਤਾ ਹੋ।

ਵੈਸਟਰਨ ਆਸਟ੍ਰੇਲੀਆ ਵਿੱਚ ਬੱਚਿਆਂ ਨਾਲ ਸੰਬੰਧਿਤ ਕੰਮ ਵਿੱਚ ਕਿਸੇ ਦੇ ਰੁਜ਼ਗਾਰਦਾਤਾ ਹੋਣ ਦੇ ਨਾਤੇ, *ਵਰਕਿੰਗ ਵਿਦ ਚਿਲਡਰਨ (ਸਕ੍ਰੀਨਿੰਗ) ਐਕਟ 2004 ਦੇ* ਤਹਿਤ ਤੁਹਾਡੀਆਂ ਕੁੱਝ ਕਾਨੂੰਨੀ ਜ਼ਿੰਮੇਵਾਰੀਆਂ ਹਨ। ਹੋਰ ਜਾਣਕਾਰੀ ਲਈ ਕਿਰਪਾ ਕਰਕੇ WWC ਚੈੱਕ - ਕਾਨੂੰਨੀ ਜ਼ਿੰਮੇਵਾਰੀਆਂ ਅਤੇ ਪਾਲਣਾ 'ਤੇ ਜਾਓ।

## ਆਪਣੇ ਬੱਚੇ ਨੂੰ ਸੁਰੱਖਿਅਤ ਰੱਖਣ ਵਿੱਚ ਮੱਦਦ ਕਰਨ ਦੇ ਕੁੱਝ ਹੋਰ ਤਰੀਕੇ ਕੀ ਹਨ?

WWC ਚੈੱਕ ਬਹੁਤ ਸਾਰੀਆਂ ਬਾਲ-ਸੁਰੱਖਿਅਤ ਰਣਨੀਤੀਆਂ ਵਿੱਚੋਂ ਇੱਕ ਹੈ। ਹੋਰ ਤਰੀਕਿਆਂ ਬਾਰੇ ਜਾਣਕਾਰੀ ਲਈ ਜਿਸ ਨਾਲ ਤੁਸੀਂ ਆਪਣੇ ਬੱਚਿਆਂ ਨੂੰ ਸੁਰੱਖਿਅਤ ਰੱਖਣ ਵਿੱਚ ਮੱਦਦ ਕਰ ਸਕਦੇ ਹੋ, ਕਿਰਪਾ ਕਰਕੇ ਡਿਪਾਰਟਮੈਂਟ ਆਫ਼ ਕਮਿਊਨਿਟੀਜ਼ ਚਾਈਲਡ ਸੇਫ਼ ਆਰਗੇਨਾਈਜ਼ੇਸ਼ਨਜ਼ ਜਾਣਕਾਰੀ ਹੱਬ 'ਤੇ ਜਾਓ ।

**ਮੋਟੇ ਅੱਖਰਾਂ ਵਾਲੇ** ਸ਼ਬਦਾਂ ਦੀ ਪਰਿਭਾਸ਼ਾ www.workingwithchildren.wa.gov.au 'ਤੇ ਵਰਕਿੰਗ ਵਿਦ ਚਿਲਡਰਨ ਚੈੱਕ ਸ਼ਬਦਾਵਲੀ ਵਿੱਚ ਲੱਭੀ ਜਾ ਸਕਦੀ ਹੈ।